# ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ

(Preamble of the constitution of india)



Edit with WPS Office

# ਪ੍ਰਸਤਾਵਨਾ ਕੀ ਹੁੰਦੀ ਹੈ?

Edit with WPS Office

# ਭਾਰਤੀ ਸੰਵਿਧਾਨ ਦੀ ਮੌਲਿਕ ਰੂਪ ਵਿੱਚ ਪ੍ਰਸਤਾਵਨਾ ( Preamble in the original form of the Indian Constitution)

- 26 ਨਵੰਬਰ 1949 ਨੂੰ ਭਾਰਤ ਦੀ ਸੰਵਿਧਾਨ ਸਭਾ ਨੇ ਸੁਤੰਤਰ ਭਾਰਤ ਦਾ ਸੰਵਿਧਾਨ ਗ੍ਰਹਿਣ ਕੀਤਾ ਸੀ।| ਉਹ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ| ਉਸ ਸੰਵਿਧਾਨ ਦੇ ਮੌਲਿਕ ਰੂਪ ਵਿੱਚ ਪ੍ਰਸਤਾਵਨਾ ਦਾ ਰੂਪ ਇਸ ਪ੍ਰਕਾਰ ਸੀ |
- . ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ:–
- " ਅਸੀਂ ਭਾਰਤ ਦੇ ਲੋਕ ਭਾਰਤ ਨੂੰ ਇੱਕ ਸੰਪੂਰਨ ਪ੍ਰਭੂਸੱਤਾ ਵਾਲਾ ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ ਗਣਰਾਜ ਸਥਾਪਿਤ ਕਰਨ ਅਤੇ ਉਸਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ,ਆਰਥਿਕ ਅਤੇ ਰਾਜਨੀਤਿਕ ਨਿਆ ਦੇਣ ਵਿਚਾਰ ਪ੍ਰਗਟਾਉਣ ਵਿਸ਼ਵਾਸ ਅਤੇ ਉਪਾਸਨਾ ਦੀ ਸੁਤੰਤਰਤਾ, ਤਾ ਅਤੇ ਅਵਸਰਾ ਦੀ ਸਮਾਨਤਾ ਪ੍ਰਾਪਤ ਕਰਨ ਲਈ ਅਤੇ ਉਨਾਂ ਵਿੱਚ ਸਭ ਵਿੱਚ ਵਿਅਕਤੀ ਦਾ ਸਤਿਕਾਰ ਅਤੇ ਰਾਸ਼ਟਰ ਦੀ ਏਕਤਾ ਅਤੇ ਪੂਰਨਤਾ ਕਾਇਮ ਕਰਨ ਵਾਲਾ ਭਰਾਤਰੀ ਭਾਵ ਵਧਾਉਣ ਲਈ ਦ੍ਰਿੜ ਸੰਕਲਪ ਹੋ ਕੇ ਇਸ ਸੰਵਿਧਾਨ ਸਭਾ ਵਿੱਚ ਅੱਜ 26 ਨਵੰਬਰ 1949 ਨੂੰ ਇਸ ਸੰਵਿਧਾਨ ਨੂੰ ਸਵੀਕਾਰ ਅੱਧੀ ਨਿਯਮਤ ਅਤੇ ਆਤਮ ਸਮਰਪਿਤ ਕਰਦੇ ਹਾਂ |

Edit with WPS Office

• 1976 ਤੱਕ ਇਸ ਪ੍ਰਸਤਾਵਨਾ ਵਿੱਚ ਕੋਈ ਪਰਿਵਰਤਨ ਨਹੀਂ ਕੀਤਾ ਗਿਆ ਸੀ। ਨਵੰਬਰ 1976 ਵਿੱਚ ਭਾਰਤੀ ਸੰਸਦ ਨੇ 42ਵੀਂ ਸੰਵਿਧਾਨਿਕ ਸੋਧ ਪਾਸ ਕੀਤੀ ਜਿਸ ਦੁਆਰੈ ਇਸ ਪ੍ਰਸਤਾਵਨਾ ਵਿੱਚ ਕੁਝ ਮਹੱਤਵਪੂਰਨ ਪਰਿਵਰਤਨ ਕੀਤੇ ਗਏ ਸਨ | ਪ੍ਰਸਤਾਵਨਾ ਦੇ ਮੌਲਿਕ ਰੂਪ ਵਿੱਚ 'ਸਮਾਜਵਾਦੀ',' ਧਰਮ ਨਿਰਪੱਖ 'ਅਤੇ 'ਰਾਸ਼ਟਰ ਦੀ ਅਖੰਡਤਾ 'ਦੇ ਸ਼ਬਦ ਨਹੀਂ ਸਨ। ਇਹ ਸ਼ਬਦ 42ਵੀਂ ਸੋਧ ਦੁਆਰਾ ਪ੍ਰਸਤਾਵਨਾ ਵਿੱਚ ਸ਼ਾਮਿਲ ਕੀਤੇ ਗਏ ਹਨ |

Edit with WPS Office

# ਪ੍ਰਸਤਾਵਨਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ( Main features of the Preamble)

- ਪ੍ਰਸਤਾਵਨਾ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰਨ ਪਿੱਛੋਂ ਸਾਨੂੰ ਇਸ ਦੀਆਂ ਹੇਠ ਲਿਖੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਦਾ ਪਤਾ ਚੱਲਦਾ ਹੈ–
- (1) ਸੰਵਿਧਾਨਿਕ ਸ਼ਕਤੀ ਦਾ ਸੋਮਾ( source of constitutional authority)
- (2) ਰਾਜ ਦਾ ਸਰੂਪ( nature of the state)
- (3) ਸੰਵਿਧਾਨ ਦਾ ਉਦੇਸ਼( objective of the constitution)
- (4) ਸੰਵਿਧਾਨ ਦੇ ਅਪਣਾਏ ਜਾਣ ਦੀ ਤਰੀਕ( date of adoption of the constitution)

Edit with WPS Office

# 1. ਸੰਵਿਧਾਨਿਕ ਸ਼ਕਤੀ ਦਾ ਸੋਮਾ( source of constitutional authority):–

- ਪ੍ਰਸਤਾਵਨਾ ਦੀ ਪਹਿਲੀ ਸਤਰ ਨੂੰ ਪੜ੍ਹਨ ਪਿੱਛੋਂ ਸਾਨੂੰ ਤਿੰਨ ਗੱਲਾਂ ਦਾ ਪਤਾ ਚੱਲਦਾ ਹੈ:–
- 1 - ਪ੍ਰਭੂ ਸੱਤਾ ਅਤੇ ਅੰਤਿਮ ਸ਼ਕਤੀ ਲੋਕਾਂ ਦੇ ਕੋਲ ਹੈ|
- 2– ਸੰਵਿਧਾਨ ਦੇ ਰਚਨਹਾਰੇ ਲੋਕਾਂ ਦੇ ਪ੍ਰਤੀਨਿਧ ਸਨ।
- 3– ਸੰਵਿਧਾਨ ਦਾ ਆਧਾਰ ਜਨਤਾ ਦੀ ਇੱਛਾ ਹੈ |
- ਸੰਵਿਧਾਨ ਨੂੰ ਬਣਾਉਣ ਵਾਲੇ ਅਤੇ ਉਸ ਨੂੰ ਆਪਣੇ ਉੱਤੇ ਲਾਗੂ ਕਰਨ ਵਾਲੇ ਭਾਰਤ ਦੇ ਲੋਕ ਹਨ |
- ਕੁਝ ਆਲੋਚਕ ਉੱਪਰ ਦਿੱਤੇ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ ਅਤੇ ਉਨਾਂ ਦਾ ਵਿਚਾਰ ਇਹ ਹੈ ਕਿ ਇਹ ਸੰਵਿਧਾਨ ਭਾਰਤ ਦੇ ਲੋਕਾਂ ਦੁਆਰਾ ਬਣਾਇਆ ਗਿਆ ਸੰਵਿਧਾਨ ਨਹੀਂ ਹੈ। ਅਤੇ ਨਾ ਹੀ ਉਹਨਾਂ ਦੀ ਇੱਛਾ ਦਾ ਹੀ ਪ੍ਰਤੀਕ ਹੈ ਕਿਉਂਕਿ –

Edit with WPS Office

- 1. ਸੰਵਿਧਾਨ ਸਭਾ ਦਾ ਨਿਰਮਾਣ ਬਾਲਗ ਮੱਤ ਅਧਿਕਾਰ ਦੇ ਆਧਾਰ ਤੇ ਨਹੀਂ ਸੀ ਕੀਤਾ ਗਿਆ।
- 2. ਸੰਵਿਧਾਨ ਜਨਮਤ ਸੰਗ੍ਰਹਿ ਦੁਆਰਾ ਆਮ ਜਨਤਾ ਕੋਲੋਂ ਪ੍ਰਵਾਨ ਨਹੀਂ ਸੀ ਕਰਾਇਆ ਗਿਆ।
- ਪਰੰਤੂ ਆਲੋਚਕਾਂ ਦੀਆਂ ਇਹ ਦਲੀਲਾਂ ਵਿੱਚ ਕੋਈ ਵਧੇਰੇ ਵਜ਼ਨ ਨਹੀਂ ਹੈ ਕਿਉਂਕਿ ਜਿਨਾਂ ਸਥਿਤੀਆਂ ਵਿੱਚ ਸੰਵਿਧਾਨ ਦਾ ਨਿਰਮਾਣ ਕੀਤਾ ਗਿਆ ਸੀ | ਉਹਨਾਂ ਵਿੱਚ ਨਾ ਤਾਂ ਸੰਵਿਧਾਨ ਸਭਾ ਲਈ ਚੋਣਾਂ ਹੀ ਕਰਵਾਈਆਂ ਜਾ ਸਕਦੀਆਂ ਸਨ ਅਤੇ ਨਾ ਜਨਮਤ ਸੰਗ੍ਰਹਿ ਹੀ ਕਰਵਾਇਆ ਜਾ ਸਕਦਾ ਸੀ। ਉਸ ਸਮੇਂ ਦੀ ਸਥਿਤੀ ਅਨੁਸਾਰ ਸੰਵਿਧਾਨ ਸਭਾ ਦੀ ਬਣਤਰ ਠੀਕ ਸੀ ਅਤੇ ਇਸ ਵਿੱਚ ਲਗਭਗ ਹਰ ਵਰਗ ਦੇ ਲੋਕਾਂ ਨੂੰ ਪ੍ਰਤੀਨਿਧਤਾ ਪ੍ਰਾਪਤ ਸੀ। ਦੂਸਰਾ ਸੰਵਿਧਾਨ ਦੇ ਲਾਗੂ ਹੋਣ ਤੋਂ ਦੋ ਸਾਲ ਪਿੱਛੋਂ ਹੀ 1952 ਵਿੱਚ ਬਾਲਗ ਮੱਤ ਅਧਿਕਾਰ ਦੇ ਆਧਾਰ ਤੇ ਚੋਣਾਂ ਕਰਵਾਈਆਂ ਗਈਆਂ ਸਨ। ਅਤੇ ਉਹ ਸਾਰੇ ਮੈਂਬਰ ਜਿਹੜੇ ਕਿ ਸੰਵਿਧਾਨ ਸਭਾ ਦੇ ਮੈਂਬਰ ਸਨ ਇਹਨਾਂ ਚੋਣਾਂ ਵਿੱਚ ਚੁਣੇ ਗਏ ਸਨ। ਇਹ ਇਸ ਗੱਲ ਦਾ ਸੂਚਕ ਹੈ ਕਿ ਜਨਤਾ ਨੂੰ ਇਹਨਾਂ ਵਿੱਚ ਵਿਸ਼ਵਾਸ ਸੀ।

Edit with WPS Office

- ਅੱਜ ਤੱਕ ਅਸੀਂ ਇਸ ਸੰਵਿਧਾਨ ਅਨੁਸਾਰ ਹੀ ਰਾਜ ਪ੍ਰਬੰਧ ਚਲਾ ਰਹੇ ਹਾਂ ਅਤੇ ਜਨਤਾ ਨੇ ਕਦੇ ਵੀ ਮੰਗ ਨਹੀਂ ਕੀਤੀ ਕੇਸ ਵਿਧਾਨ ਉੱਪਰ ਜਨਮ ਸੰਗ੍ਰਹ ਕਰਵਾਇਆ ਜਾਵੇ | ਇਸ ਸਬੰਧ ਵਿੱਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਡਾਕਟਰ ਬੀ ਆਰ ਅੰਬੇਦਕਰ ਨੇ ਕਿਹਾ ਹੈ, " ਪ੍ਰਸਤਾਵਨਾ ਵਿੱਚ ਸਦਨ ਦੇ ਹਰ ਮੈਂਬਰ ਦੀ ਇੱਛਾ ਛੁਪੀ ਹੋਈ ਹੈ ਕਿ ਸੰਵਿਧਾਨ ਦਾ ਆਧਾਰ, ਕਿਸ ਦੀ ਸ਼ਕਤੀ, ਇਸਦੀ ਪ੍ਰਭੂ ਸਤਾ ਲੋਕਾਂ ਤੋਂ ਪ੍ਰਾਪਤ ਹੋਣੀ ਚਾਹੀਦੀ ਹੈ |

Edit with WPS Office

# 2. ਰਾਜ ਦਾ ਸਰੂਪ(Nature of the state):–

- ਪ੍ਰਸਤਾਵਨਾ ਰਾਹੀਂ ਭਾਰਤ ਨੂੰ ਪ੍ਰਭੂ ਸੱਤਾ ਸੰਪੰਨ,ਸਮਾਜਵਾਦੀ,ਧਰਮ ਨਿਰਪੱਖ, ਲੋਕ ਰਾਜੀ ਗਣਰਾਜ ਘੋਸ਼ਿਤ ਕੀਤਾ ਗਿਆ ਹੈ ਅਤੇ ਰਾਜ ਦੇ ਸਰੂਪ ਦੀਆਂ ਇਹਨਾਂ ਵਿਸ਼ੇਸ਼ਤਾਵਾਂ ਦਾ ਵੱਖ-ਵੱਖ ਵਰਨਣ ਹੇਠਾਂ ਕੀਤਾ ਗਿਆ ਹੈ:–
- 1. ਭਾਰਤ ਪ੍ਰਭੂ ਸੱਤਾ ਸੰਪੰਨ ਰਾਜ ਹੈ :–
- . ਪ੍ਰਸਤਾਵਨਾ ਰਾਹੀਂ ਭਾਰਤ ਨੂੰ ਸੰਪੂਰਨ ਪ੍ਰਭੂ ਸਤਾ ਸੰਪੰਨ ਰਾਜ ਘੋਸ਼ਿਤ ਕੀਤਾ ਗਿਆ ਹੈ। ਇਸ ਦਾ ਅਰਥ ਇਹ ਹੈ ਕਿ ਭਾਰਤ ਹਰ ਪ੍ਰਕਾਰ ਦੇ ਅੰਦਰੂਨੀ ਅਤੇ ਬਾਹਰੀ ਕੰਟਰੋਲ ਤੋਂ ਮੁਕਤ ਹੈ ਅਤੇ ਅਮਰੀਕਾ ਰੂਸ ਇੰਗਲੈਂਡ ਆਦਿ ਰਾਜਾਂ ਦੀ ਤਰ੍ਹਾਂ ਪੂਰਨ ਪ੍ਰਭੂ ਸੱਤਾ ਸੰਪੰਨ ਹੈ ਅੱਜ ਅਸੀਂ ਪੂਰੀ ਤਰ੍ਹਾਂ ਸੁਤੰਤਰਤਾ ਨਾਲ ਅੰਦਰੂਨੀ ਅਤੇ ਬਾਹਰੀ ਨੀਤੀ ਦਾ ਨਿਰਮਾਣ ਕਰਦੇ ਹਾਂ ਅਤੇ ਇਹ ਅੰਤਿਮ ਸ਼ਕਤੀ ਭਾਰਤ ਦੇ ਲੋਕਾਂ ਕੋਲ ਹੈ |

Edit with WPS Office

- 2 ਭਾਰਤ ਇੱਕ ਸਮਾਜਵਾਦੀ ਰਾਜ ਹੈ :–
- . ਸੰਵਿਧਾਨ ਦੀ 1976 ਵਿੱਚ ਕੀਤੀ ਗਈ 42ਵੀਂ ਸੋਧ ਰਾਹੀਂ ਪ੍ਰਸਤਾਵਨਾ ਵਿੱਚ ਸਮਾਜਵਾਦੀ ਸ਼ਬਦ ਜੋੜ ਕੇ ਭਾਰਤ ਨੂੰ ਸਮਾਜਵਾਦੀ ਰਾਜ ਘੋਸ਼ਿਤ ਕੀਤਾ ਗਿਆ ਹੈ। ਇਸ ਸ਼ਬਦ ਦਾ ਪ੍ਰਸਤਾਵਨਾ ਵਿੱਚ ਸ਼ਾਮਿਲ ਕੀਤਾ ਜਾਣਾ ਭਾਰਤ ਦੁਆਰਾ ਅਪਣਾਈ ਜਾਣ ਵਾਲੀ ਆਰਥਿਕ ਅਤੇ ਸਮਾਜਿਕ ਨੀਤੀ ਦਾ ਸਪਸ਼ਟੀਕਰਨ ਕਰਦਾ ਹੈ। ਇਸ ਦਾ ਭਾਵ ਇਹ ਹੈ ਕਿ ਅਸੀਂ ਇੱਕ ਅਜਿਹਾ ਸਮਾਜ ਕਾਇਮ ਕਰਨ ਲਈ ਵਚਨਬੰਦ ਹਾਂ ਜਿਹੜਾ ਕਿ ਸ਼ੋਸ਼ਣ ਰਹਿਤ ਹੋਵੇ ਸਭਤੀ ਦੀ ਕਾਣੀ ਵੰਡ ਨਾ ਹੋਵੇ ਜਨਤਾ ਨੂੰ ਉਪਜੀਵਕਾ ਕਮਾਉਣ ਲਈ ਕਾਫੀ ਅਤੇ ਉੱਚੀ ਸਾਧਨ ਪ੍ਰਾਪਤ ਹੋਣ ਉਤਪਾਦਨ ਦੇ ਸਾਧਨ ਜਨਤੰ ਕੰਟਰੋਲ ਅਧੀਨ ਹੋਣ ਬੁਢਾਪੇ,ਬੇਰੁਜ਼ਗਾਰੀ,ਅੰਗਹੀਣ ਬਿਮਾਰੀ ਆਦਿ ਦੀ ਸਥਿਤੀ ਵਿੱਚ ਵਿਅਕਤੀ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਵੇ।

Edit with WPS Office

- 3. ਭਾਰਤ ਇੱਕ ਧਰਮ ਨਿਰਪੱਖ ਰਾਜ ਹੈ :—. ਸੰਵਿਧਾਨ ਦੀ 1976 ਵਿੱਚ ਕੀਤੀ ਗਈ 44ਵੀਂ ਸੋਧ ਰਾਹੀਂ ਪ੍ਰਸਤਾਵਨਾ ਵਿੱਚ ਧਰਮ ਨਿਰਪੱਖ ਸ਼ਬਦ ਜੋੜ ਕੇ ਭਾਰਤ ਨੂੰ ਸਪਸ਼ਟ ਰੂਪ ਵਿੱਚ ਧਰਮ ਨਿਰਪੱਖ ਰਾਜ ਘੋਸ਼ਿਤ ਕੀਤਾ ਗਿਆ ਹੈ। ਪਰੰਤੂ ਇਸ ਸੋਧ ਦੇ ਕੀਤੇ ਜਾਣ ਤੋਂ ਪਹਿਲਾਂ ਵੀ ਭਾਰਤ ਇੱਕ ਧਰਮ ਨਿਰਪੱਖ ਰਾਜ ਸੀ। ਭਾਰਤ ਦੇ ਸੰਵਿਧਾਨ ਰਾਹੀਂ ਕਿਸੇ ਵੀ ਧਰਮ ਨੂੰ ਰਾਜ ਦਾ ਧਰਮ ਗ੍ਰਹਿਣ ਨਹੀਂ ਕੀਤਾ ਗਿਆ | ਰਾਜ ਦੀ ਦ੍ਰਿਸ਼ਟੀ ਵਿੱਚ ਸਾਰੇ ਧਰਮ ਸਮਾਨ ਹਨ | ਸੰਵਿਧਾਨ ਦੀ ਧਾਰਾ 25 ਤੋਂ ਲੈ ਕੇ ਧਾਰਾ 28 ਤੱਕ ਹਰ ਵਿਅਕਤੀ ਨੂੰ ਧਾਰਮਿਕ ਸੁਤੰਤਰਤਾ ਦਾ ਅਧਿਕਾਰ ਦਿੱਤਾ ਗਿਆ ਹੈ। ਜਿਸ ਅਨੁਸਾਰ ਕੋਈ ਵੀ ਧਰਮ ਮੰਨਣ ਧਾਰਨ ਕਰਨ ਪ੍ਰਚਾਰ ਕਰਨ ਆਦਿ ਦਾ ਅਧਿਕਾਰ ਦਿੱਤਾ ਗਿਆ ਹੈ ਅਤੇ ਰਾਜ ਧਰਮ ਦੇ ਆਧਾਰ ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦਾ |

Edit with WPS Office

- 4. ਭਾਰਤ ਇੱਕ ਲੋਕਤੰਤਰੀ ਰਾਜ ਹੈ :—. ਪ੍ਰਸਤਾਵਨਾ ਰਾਹੀਂ ਭਾਰਤ ਨੂੰ ਲੋਕਤੰਤਰੀ ਰਾਜ ਵੀ ਘੋਸ਼ਿਤ ਕੀਤਾ ਗਿਆ ਹੈ। ਇਸ ਦਾ ਅਰਥ ਹੈ ਕਿ ਰਾਜ ਸੱਤਾ ਕਿਸੇ ਵੀ ਇੱਕ ਵਿਅਕਤੀ ਜਾਂ ਵਿਅਕਤੀਆਂ ਦੇ ਗਰੁੱਪ ਕੋਲ ਨਹੀਂ ਹੈ ਸਗੋਂ ਭਾਰਤ ਦੀ ਸਮੁੱਚੀ ਜਨਤਾ ਕੋਲ ਹੈ | ਸ਼ਕਤੀ ਦਾ ਸੋਮਾ ਲੋਕ ਹਨ ਅਤੇ ਲੋਕ ਬਾਲਕ ਵੋਟ ਅਧਿਕਾਰ ਦੇ ਅਧਾਰ ਤੇ ਆਪਣੇ ਪ੍ਰਤੀਨਿਧਾਂ ਦੀ ਚੋਣ ਕਰਦੇ ਹਨ ਅਤੇ ਪ੍ਰਤੀਨਿਧ ਰਾਜ ਦਾ ਰਾਜ ਪ੍ਰਬੰਧ ਚਲਾਉਂਦੇ ਹਨ | ਕੇਂਦਰ ਅਤੇ ਰਾਜਾਂ ਵਿੱਚ ਜਿੰਮੇਵਾਰ ਪ੍ਰਣਾਲੀ ਦੀਆਂ ਸਰਕਾਰਾਂ ਕਾਇਮ ਕੀਤੀਆਂ ਗਈਆਂ ਹਨ ਅਤੇ ਸੈਨਾ ਨੂੰ ਜਨਤਕ ਸ਼ਕਤੀ ਤੇ ਅਧੀਨ ਕੀਤਾ ਗਿਆ ਹੈ।

Edit with WPS Office

- 5. ਭਾਰਤ ਗਣਰਾਜ ਹੈ :—. ਪ੍ਰਸਤਾਵਨਾ ਅਨੁਸਾਰ ਭਾਰਤ ਨੂੰ ਇੱਕ ਗਣਰਾਜ ਵੀ ਘੋਸ਼ਿਤ ਕੀਤਾ ਗਿਆ ਹੈ। ਆਕਸਫੋਰਡ ਡਿਕਸ਼ਨਰੀ ਵਿੱਚ ਦਿੱਤੇ ਅਰਥਾਂ ਅਨੁਸਾਰ ਗਣਤੰਤਰ ਤੋਂ ਭਾਵ ਉਸ ਰਾਜ ਤੋਂ ਹੈ ਜਿਸ ਵਿੱਚ ਸਰਵਉਚ ਸ਼ਕਤੀ ਲੋਕਾਂ ਕੋਲ ਅਤੇ ਉਹਨਾਂ ਦੁਆਰਾ ਚੁਣੇ ਪ੍ਰਤੀਨਿਧਾਂ ਜਾਂ ਅਫਸਰਾਂ ਕੋਲ ਹੁੰਦੀ ਹੈ | ਇਹ ਕਿਸੇ ਬਾਦਸ਼ਾਹ ਜਾਂ ਸ਼ਾਸਕ ਦੁਆਰਾ ਰਾਜ ਪ੍ਰਬੰਧ ਚਲਾਏ ਜਾਣ ਦੇ ਉਲਟ ਹੈ |

Edit with WPS Office

# 3. ਸੰਵਿਧਾਨ ਦੇ ਉਦੇਸ਼( Objectives of constitution )

- ਪ੍ਰਸਤਾਵਨਾ ਵਿੱਚ ਸੰਵਿਧਾਨ ਦੇ ਉਦੇਸ਼ਾਂ ਦਾ ਵਰਣਨ ਵੀ ਮਿਲਦਾ ਹੈ ਜਿਵੇਂ ਕਿ :-
- 1 ਨਿਆਂ – ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸਾਡੇ ਸੰਵਿਧਾਨ ਦਾ ਇਹ ਉਦੇਸ਼ ਉਲਕਿਆ ਗਿਆ ਹੈ ਕਿ ਭਾਰਤ ਵਿੱਚ ਸਭ ਨਾਗਰਿਕਾਂ ਨੂੰ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਨਿਆ ਪ੍ਰਾਪਤ ਹੋਵੇਗਾ।
- ਸਮਾਜਿਕ ਨਿਆ– ਸਮਾਜਿਕ ਨਿਆ ਤੋਂ ਭਾਵ ਹੈ ਕਿ ਜਾਤ ਪਾਤ ਧਰਮ ਰੰਗ ਨਸਲ ਆਦਿ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਸੰਵਿਧਾਨ ਦੀ ਧਾਰਾ 14 ਤੋਂ ਲੈ ਕੇ ਤਾਰਾਂ 18 ਤੱਕ ਇਹਨਾਂ ਅਸਮਾਨਤਾਵਾਂ ਨੂੰ ਖਤਮ ਕਰਨ ਦੇ ਪ੍ਰਬੰਧ ਕੀਤੇ ਹੋਏ ਹਨ।
- ਆਰਥਿਕ ਨਿਆ – ਆਰਥਿਕ ਨਿਆ ਤੋਂ ਭਾਵ ਹੈ ਕਿ ਸਮਾਜ ਵਿੱਚ ਜੋ ਆਰਥਿਕ ਅਨਿਆ ਹੁੰਦਾ ਹੈ ਉਸ ਨੂੰ ਖਤਮ ਕੀਤਾ ਜਾਵੇ। ਹਰ ਵਿਅਕਤੀ ਨੂੰ ਉਪਜੀਵਿਕਾ ਕਮਾਉਣ ਲਈ ਸਮਾਨ ਮੌਕੇ ਅਤੇ ਸਮਾਨ ਕੰਮ ਲਈ ਸਮਾਨ ਮਜਦੂਰੀਆਂ ਦਿੱਤੀਆਂ ਜਾਣ |

Edit with WPS Office

- ਰਾਜਨੀਤਿਕ ਨਿਆ– ਸੰਵਿਧਾਨ ਰਾਹੀਂ ਰਾਜ ਦੀ ਕਨਿਆ ਕਾਇਮ ਕਰਨ ਦਾ ਯਤਨ ਵੀ ਕੀਤਾ ਗਿਆ ਹੈ। ਬਗੈਰ ਕਿਸੇ ਭੇਦ ਭਾਵ ਦੇ ਹਰ ਵਿਅਕਤੀ ਨੂੰ ਵੋਟ ਦੇਣ ਦਾ ਅਧਿਕਾਰ ਚੁਣੇ ਜਾਣ ਦਾ ਅਧਿਕਾਰ ਸਰਕਾਰੀ ਅਹੁਦਿਆਂ ਪ੍ਰਾਪਤ ਕਰਨ ਦੀ ਸੁਤੰਤਰਤਾ ਸਰਕਾਰ ਦੀ ਆਲੋਚਨਾ ਕਰਨ ਦੀ ਸੁਤੰਤਰਤਾ ਕਾਨੂੰਨ ਸਾਹਮਣੇ ਸਮਾਨਤਾ ਆਦਿ ਤੇ ਅਧਿਕਾਰ ਪ੍ਰਾਪਤ ਕੀਤੇ ਗਏ ਹਨ |
- 2 ਸੁਤੰਤਰਤਾ:- ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਵਿਚਾਰ ਪ੍ਰਗਟਾਉਣ ਦੀ ਸੁਤੰਤਰਤਾ ਵਿਸ਼ਵਾਸ ਅਤੇ ਉਪਾਸਨਾ ਦੀ ਸੁਤੰਤਰਤਾ ਨੂੰ ਵਿਅਕਤੀਗਤ ਅਤੇ ਰਾਸ਼ਟਰੀ ਵਿਕਾਸ ਲਈ ਜਰੂਰੀ ਸਮਝਿਆ ਗਿਆ ਹੈ। ਪ੍ਰਸਤਾਵਨਾ ਵਿੱਚ ਹੀ ਭਾਰਤੀ ਨਾਗਰਿਕਾਂ ਨੂੰ ਇਸ ਤੰਤਰਤਾ ਦੇਣ ਦਾ ਵਿਸ਼ਵਾਸ ਦਿੱਤਾ ਗਿਆ ਹੈ। ਇਸੇ ਕਾਰਨ ਅਨੁਛੇਦ 19 ਤੋਂ 22 ਤੱਕ ਅਨੇਕਾਂ ਪ੍ਰਕਾਰ ਦੀਆਂ ਸੁਤੰਤਰਤਾਵਾਂ ਨੂੰ ਮੌਲਿਕ ਅਧਿਕਾਰਾਂ ਦੇ ਰੂਪ ਵਿੱਚ ਸੁਰੱਖਿਤ ਕੀਤਾ ਗਿਆ ਹੈ। ਅਨੁਛੇਦ 25 ਤੋਂ 28 ਅਧੀਨ ਧਾਰਮਿਕ ਸੁਤੰਤਰਤਾ ਭਾਰਤੀਆਂ ਨੂੰ ਪ੍ਰਦਾਨ ਕੀਤੀ ਗਈ ਹੈ। ਸਾਰੇ ਵਿਅਕਤੀ ਨੂੰ ਕਿਸੇ ਵੀ ਧਰਮ ਨੂੰ ਮੰਨਣ ਅਪਣਾਉਣ ਅਤੇ ਉਸਦਾ ਪ੍ਰਚਾਰ ਕਰਨ ਦੀ ਸੁਤੰਤਰਤਾ ਹੈ।

Edit with WPS Office

- 3. ਸਮਾਨਤਾ:– ਸਮਾਨਤਾ ਲੋਕਤੰਤਰ ਦਾ ਮੁੱਖ ਆਧਾਰ ਹੈ ਸਮਾਨਤਾ ਤੋਂ ਬਿਨਾਂ ਸੁਤੰਤਰਤਾ ਦਾ ਕੋਈ ਮਹੱਤਵ ਨਹੀਂ ਹੈ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤੀ ਨਾਗਰਿਕਾਂ ਨੂੰ ਪ੍ਰਤੀਸਥਾ ਅਤੇ ਅਵਸਰ ਦੀ ਸਮਾਨਤਾ ਦੇਣ ਦੀ ਘੋਸ਼ਣਾ ਕੀਤੀ ਗਈ ਹੈ। ਸਮਾਨਤਾ ਤੋਂ ਭਾਵ ਹੈ ਕਿ ਹਰੇਕ ਵਿਅਕਤੀ ਨੂੰ ਆਪਣੇ ਯੋਗਤਾ ਦੇ ਆਧਾਰ ਤੇ ਵਿਕਾਸ ਕਰਨ ਦਾ ਸਮਾਨ ਅਵਸਰ ਦਿੱਤਾ ਜਾਵੇਗਾ। ਸਮਾਜਿਕ ਆਰਥਿਕ ਰਾਜਨੀਤਿਕ ਰਾਜਨੀਤਿਕ ਅਤੇ ਕਾਨੂੰਨ ਦੇ ਖੇਤਰ ਵਿੱਚ ਵਿਅਕਤੀ ਨਾਲ ਧਰਮ ਜਾਤ ਨਸਲ ਜਨਮ ਆਦਿ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਸਾਡੇ ਸੰਵਿਧਾਨ ਦੇ ਅਨੁਛੇਦ 14 ਤੋਂ 18 ਵਿੱਚ ਵੱਖ-ਵੱਖ ਖੇਤਰਾਂ ਵਿੱਚ ਸਮਾਨਤਾ ਦੇ ਉਦੇਸ਼ ਨੂੰ ਪ੍ਰਾਪਤ ਕਰਨ ਦਾ ਯਤਨ ਕੀਤਾ ਗਿਆ ਹੈ।
- 4. ਭਰਾਤਰੀ ਭਾਵ:– ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤੀ ਨਾਗਰਿਕਾਂ ਨੂੰ ਭਾਰਾਤਰੀ ਭਾਵ ਵਿਕਸਿਤ ਕਰਨ ਲਈ ਉਤਸਾਹਿਤ ਕੀਤਾ ਗਿਆ ਹੈ। ਭਰਾਤਰੀ ਭਾਵ ਦਾ ਮੁੱਖ ਉਦੇਸ਼ ਵਿਅਕਤੀ ਦਾ ਸਤਿਕਾਰ ਕਰਨਾ ਅਤੇ ਰਾਸ਼ਟਰੀ ਏਕਤਾ ਸਥਾਪਿਤ ਕਰਨਾ ਹੈ |

Edit with WPS Office

- ਸਾਡੇ ਦੇਸ਼ ਵਿੱਚ ਭਰਾਤਰੀ ਭਾਵ ਦੀ ਭਾਵਨਾ ਦਾ ਹੋਣਾ ਵਿਸ਼ੇਸ਼ ਕਰਕੇ ਜਰੂਰੀ ਹੈ। ਕਿਉਂਕਿ ਭਾਰਤ ਵਿੱਚ ਵੱਖ-ਵੱਖ ਧਰਮਾਂ ਅਤੇ ਜਾਤੀਆਂ ਦੇ ਲੋਕ ਰਹਿੰਦੇ ਹਨ। ਉਹਨਾਂ ਦੀ ਭਾਸ਼ਾ ਅਤੇ ਸੱਭਿਆਚਾਰਕ ਜੀਵਨ ਵਿੱਚ ਕਾਫੀ ਭਿੰਨਤਾ ਹੈ। ਇਸੇ ਕਾਰਨ ਸਾਡੇ ਸੰਵਿਧਾਨ ਵਿੱਚ ਵੱਖ-ਵੱਖ ਅਨੁਛੇਦਾਂ ਰਾਹੀਂ ਧਰਮ ਜਾਤ ਲਿੰਗ ਨਸਲ ਆਦਿ ਦੇ ਭੇਦਾਂ ਨੂੰ ਸਮਾਪਤ ਕੀਤਾ ਗਿਆ ਹੈ।
- 5.ਵਿਅਕਤੀ ਦੇ ਗੌਰਵ ਨੂੰ ਕਾਇਮ ਰੱਖਣ ਦਾ ਵਿਸ਼ਵਾਸ:– ਪ੍ਰਸਤਾਵਨਾ ਅਨੁਸਾਰ ਵਿਅਕਤੀ ਦੇ ਗੌਰਵ ਨੂੰ ਕਾਇਮ ਰੱਖਣ ਅਤੇ ਬੜਾਵਾ ਦੇਣ ਦੇ ਉਦੇਸ਼ ਦੀ ਵੀ ਘੋਸ਼ਣਾ ਕੀਤੀ ਗਈ ਹੈ। ਤਾਂ ਜੋ ਉਸ ਵਿੱਚੋਂ ਹੀਣਤਾ ਦੀ ਭਾਵਨਾ ਨਿਕਲ ਕੇ ਸਵੈ ਮਾਣ ਦੀ ਭਾਵਨਾ ਆ ਸਕੇ ਸਦੀਆਂ ਦੀ ਗੁਲਾਮੀ ਨੇ ਭਾਰਤੀਆਂ ਵਿੱਚ ਹੀਣ ਭਾਵ ਲੈ ਆਂਦਾ ਸੀ | ਇਸ ਉਦੇਸ਼ ਦੀ ਪੂਰਤੀ ਲਈ ਸੰਵਿਧਾਨ ਵਿੱਚ ਮੌਲਿਕ ਅਧਿਕਾਰਾਂ ਦੀ ਵਿਵਸਥਾ ਕੀਤੀ ਗਈ ਹੈ ਅਤੇ ਵਿਅਕਤੀ ਨੂੰ ਵੋਟ ਪਾਉਣਾ ਅਤੇ ਚੋਣ ਲੜਨ ਦਾ ਅਧਿਕਾਰ ਪ੍ਰਧਾਨ ਕੀਤਾ ਗਿਆ ਹੈ

Edit with WPS Office

- 6. ਰਾਸ਼ਟਰ ਦੀ ਏਕਤਾ ਅਤੇ ਖੰਡਤਾ ਕਾਇਮ ਰੱਖਣ ਵਿੱਚ ਵਿਸ਼ਵਾਸ:– ਸੰਵਿਧਾਨ ਦੇ ਰਚਨਹਾਰੇ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਦੇ ਵਿਸ਼ੇਸ਼ ਤੌਰ ਤੇ ਇੱਛੁਕ ਸਨ। ਅਤੇ ਉਨ੍ਹਾਂ ਨੇ ਆਪਣੀ ਇੱਛਾ ਦਾ ਪ੍ਰਗਟਾਵਾ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਵੀ ਕੀਤਾ ਹੈ। ਇਸ ਇਤਿਹਾਸ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਸਾਡੀ ਆਪਸੀ ਫੁੱਟ ਹੀ ਮੁੱਖ ਰੂਪ ਵਿੱਚ ਸਾਡੀ ਗੁਲਾਮੀ ਦਾ ਕਾਰਨ ਸੀ। ਹੁਣ ਅਸੀਂ ਇਹ ਦ੍ਰਿੜ ਸੰਕਲਪ ਕਰਦੇ ਹਾਂ ਕਿ ਅਜਿਹੀ ਕੋਈ ਗਲਤੀ ਨਹੀਂ ਕਰਾਂਗੇ ਜਿਸ ਨਾਲ ਭਾਰਤ ਦੀ ਏਕਤਾ ਨੂੰ ਸੱਟ ਵੱਜਦੀ ਹੋਵੇ ਭਾਰਤ ਦੇ ਸਾਰੇ ਲੋਕਾਂ ਨੂੰ ਏਕਤਾ ਦੀ ਲੜੀ ਵਿੱਚ ਪਰੋਏ ਜਾਣ ਦੇ ਪ੍ਰਬੰਧ ਹਨ। ਸੰਵਿਧਾਨ ਦੀ 42ਵੀਂ ਸੋਧ ਅਨੁਸਾਰ ਏਕਤਾ ਦੇ ਨਾਲ ਅਖੰਡਤਾ ਸ਼ਬਦ ਨੂੰ ਜੋੜ ਕੇ ਇਸ ਇੱਛਾ ਨੂੰ ਹੋਰ ਵੀ ਦ੍ਰਿੜ ਕੀਤਾ ਹੈ।

Edit with WPS Office

# 4. ਸੰਵਿਧਾਨ ਦੇ ਅਪਣਾਏ ਜਾਣ ਦੀ ਮਿਤੀ(Date of adoption of the constitution):–

- ਪ੍ਰਸਤਾਵਨਾ ਨੂੰ ਪੜ੍ਹਨ ਪਿੱਛੋਂ ਸਾਨੂੰ ਸੰਵਿਧਾਨ ਸਭਾ ਦੁਆਰਾ ਸੰਵਿਧਾਨ ਦੇ ਅਪਣਾਏ ਜਾਣ ਦੀ ਮਿਤੀ ਦਾ ਵੀ ਪਤਾ ਚੱਲਦਾ ਹੈ। ਸੰਵਿਧਾਨ ਸਭਾ ਦੁਆਰੈ ਇਹ ਸੰਵਿਧਾਨ 26 ਨਵੰਬਰ 1949 ਨੂੰ ਅਪਣਾਇਆ ਗਿਆ ਸੀ। ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ।
- . ਉੱਪਰ ਲਿਖੇ ਵਿਚਾਰਾਂ ਨੂੰ ਪੜ੍ਹਨ ਪਿੱਛੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸੰਵਿਧਾਨ ਦੀ ਪ੍ਰਸਤਾਵਨਾ ਸੱਚਮੁੱਚ ਹੀ ਇੱਕ ਅਜਿਹਾ ਦਰਪਣ ਹੈ ਜਿਸ ਵਿੱਚੋਂ ਸਾਨੂੰ ਸਰਬਉਚ ਸ਼ਕਤੀ ਦੇ ਸੋਮੇ ਰਾਜ ਦੇ ਸਰੂਪ ਸੰਵਿਧਾਨ ਵਿੱਚ ਸ਼ਾਮਿਲ ਉਦੇਸ਼ਾਂ ਅਤੇ ਸੰਵਿਧਾਨ ਨੂੰ ਅਪਣਾਏ ਜਾਣ ਦੀ ਮਿਤੀ ਆਦਿ ਦੇ ਸੰਬੰਧ ਵਿੱਚ ਜਾਣਕਾਰੀ ਮਿਲਦੀ ਹੈ| ਇਸੇ ਕਰਕੇ ਹੀ ਪ੍ਰਸਤਾਵਨਾ ਨੂੰ ਸੰਵਿਧਾਨ ਦੀ ਜਨਮ ਕੁੰਡਲੀ ਸੰਵਿਧਾਨ ਦੀ ਆਤਮਾ ਅਤੇ ਸੰਵਿਧਾਨ ਦਾ ਸਭ ਤੋਂ ਕੀਮਤੀ ਭਾਗ ਜਾਂ ਸੰਵਿਧਾਨ ਦਾ ਹੀਰਾ ਆਦਿ ਕਿਹਾ ਜਾਂਦਾ ਹੈ |

Edit with WPS Office

# Thank you

Edit with WPS Office